**Exam. Code : 108503**
**Subject Code : 1999**

**B.Com. 3rd Semester (Batch 2020-23)**

**PUNJABI COMPULSORY**

**Paper : BCG-302 (i)**

Time Allowed—3 Hours] [Maximum Marks—50

**ਨੋਟ :—** ਹਰੇਕ ਭਾਗ ਵਿੱਚੋਂ ਘੱਟੋ-ਘੱਟ **ਇੱਕ** ਪ੍ਰਸ਼ਨ ਦੀ ਚੋਣ ਕਰਦੇ ਹੋਏ, ਕੁੱਲ **ਪੰਜ** ਪ੍ਰਸ਼ਨ ਕਰੋ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

### ਭਾਗ—ੳ

1. ਪ੍ਰਿੰਸੀਪਲ ਤੇਜਾ ਸਿੰਘ ਦੇ ਲੇਖ "ਘਰ ਦਾ ਪਿਆਰ" ਦਾ ਸੰਖੇਪ ਸਾਰ ਲਿਖੋ।
2. ਬਲਰਾਜ ਸਾਹਨੀ ਰਚਿਤ ਲੇਖ "ਅੱਥਰੂ" ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ।

### ਭਾਗ—ਅ

3. "ਨਵਾਂ ਚਾਨਣ" ਇਕਾਂਗੀ ਨੂੰ ਰੰਗ-ਮੰਚ ਦੇ ਪੱਖ 'ਤੇ ਵਿਚਾਰੋ।
4. "ਮਿੱਟੀ ਦਾ ਬਾਵਾ" ਇਕਾਂਗੀ ਦੇ ਦੋ ਮੁੱਖ ਪਾਤਰਾਂ ਦਾ ਚਿਤਰਨ ਆਪਣੇ ਸ਼ਬਦਾਂ ਵਿੱਚ ਕਰੋ।



### ਭਾਗ—ੲ

5. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰ ਕੇ ਢੁੱਕਵਾਂ ਸਿਰਲੇਖ ਲਿਖੋ :

ਮਾਨਸਿਕ ਬਿਮਾਰੀਆਂ ਦੇ ਨਾਲ-ਨਾਲ ਸ਼ੋਰ ਮਨੁੱਖੀ ਸਰੀਰ ਉੱਪਰ ਵੀ ਬਹੁਤ ਬੁਰਾ ਪ੍ਰਭਾਵ ਪਾਉਂਦਾ ਹੈ। ਵਧੇਰੇ ਸ਼ੋਰ ਕਾਰਨ ਖੂਨ ਦਾ ਦਬਾਬ (Blood Pressure) ਵੱਧਦਾ ਹੈ। ਕੰਮ ਕਰਨ ਦੀ ਸਮਰੱਥਾ (efficiency) ਘੱਟਦੀ ਹੈ, ਦਿਲ ਦੀ ਧੜਕਨ ਵੱਧਦੀ ਹੈ ਅਤੇ ਕਿਸੇ ਕੰਮ ਉੱਤੇ ਧਿਆਨ ਕੇਂਦਰਿਤ ਕਰਨਾ ਔਖਾ ਹੋ ਜਾਂਦਾ ਹੈ। ਤਜ਼ਰਬਿਆਂ ਤੋਂ ਪਤਾ ਲੱਗਿਆ ਹੈ ਕਿ ਪੇਟ ਵਿੱਚ ਗੈਸ, ਦਮਾ ਤੇ ਚਮੜੀ ਦੇ ਕਈ ਰੋਗਾਂ ਵਿੱਚ ਸ਼ੋਰ ਦਾ ਵਾਤਾਵਰਣ ਬਹੁਤ ਵਾਧਾ ਕਰਦਾ ਹੈ। ਬਹੁਤ ਸ਼ੋਰ ਦੇ ਚੁਗਿਰਦੇ ਵਿੱਚ ਲੰਬੇ ਅਰਸੇ ਤੱਕ ਰਹਿਣ ਨਾਲ ਨੀਂਦ ਘੱਟ ਹੋ ਜਾਂਦੀ ਹੈ ਜਿਸ ਨਾਲ ਕਈ ਬਿਮਾਰੀਆਂ ਦੀ ਨੀਂਹ ਬੱਝਦੀ ਹੈ।

6. ਹੇਠਾਂ ਦਿੱਤੇ ਪੈਰ੍ਹੇ ਵਿੱਚੋਂ ਅਸ਼ੁੱਧ ਸ਼ਬਦ-ਜੋੜਾਂ ਨੂੰ ਸ਼ੁੱਧ ਕਰੋ :

ਵਰਸਾਤ ਦੇ ਦਿਨਾ ਵਿਚ ਸ਼ੈਹਰ ਅਤੇ ਪਿੰਡਾ ਦੇ ਜੀਬਨ ਦੀ ਤੁਲਨਾ ਕੀਤਿਆ ਪਤਾ ਚਲਦਾ ਹੈ ਕਿ ਸੈਹਰਾਂ ਬਿਚ ਰਹਿੰਦੀਆਂ ਤੁਸੀ ਵਰਸਾਤ ਦਾ ਅਨੰਦ ਮਾਨ ਸਕਦੇ ਹੋ ਪਰ ਪਿੰਡਾ ਵਿਚ ਵਹੁਤ ਦੁਸ਼ਬਾਰੀਆ ਦਾ ਸਾਹਮਣਾ ਕਰਨਾ ਪੇਂਦਾ ਹੈ। ਉਜ ਦੇਖਿਆ ਜਾਬੇ ਤਾਂ ਅਜਿਹੇ ਮੋਸਮ ਬਿਚ ਗਰੀਵ ਲੋਕ ਕਿ ਕਰਦੇ ਹੋਨਗੇ ਜਿਹੜੇ ਅਕਾਸ ਦੀ ਸ਼ੱਤ ਹੇਠਾ ਹੀ ਸੋਦੇ ਹਨ।

### ਭਾਗ—ਸ

7. ਉਪਵਾਕ ਅਤੇ ਵਾਕ ਦਾ ਅੰਤਰ ਦੱਸਦਿਆਂ ਵਾਕ ਦੀਆਂ ਵੱਖ-ਵੱਖ ਵੰਨਗੀਆਂ ਦਾ ਉਲੇਖ ਕਰੋ।
8. ਸ਼ਬਦ ਦੀ ਪਰਿਭਾਸ਼ਾ ਦਿੰਦਿਆਂ ਇਸ ਦੀਆਂ ਵੱਖ-ਵੱਖ ਵੰਨਗੀਆਂ ਨੂੰ ਉਦਾਹਰਣਾਂ ਨਾਲ ਸਪੱਸ਼ਟ ਕਰੋ।